**ਸ਼੍ਰੇਣੀ - ਨੌਵੀਂ**

**ਸਾਲ 2024-25**

**ਸੰਗੀਤ-ਵਾਦਨ**

**ਪਾਠਕ੍ਰਮ (ਲਿਖਤੀ)**

**ਭਾਗ - ੳ**

**ਹੇਠ ਲਿਖਿਆਂ ਦੀਆਂ ਪਰਿਭਾਸ਼ਾਵਾਂ**

1. ਸੰਗੀਤ, ਆਰੋਹ, ਅਵਰੋਹ, ਪਕੜ, ਜਾਤੀ, ਵਾਦੀ, ਸਮਵਾਦੀ, ਅਨੁਵਾਦੀ, ਵਰਜਿਤ, ਵਿਵਾਦੀ, ਸ੍ਵਰ, ਜਨਯਰਾਗ, ਆਸ਼ਰਯ ਰਾਗ, ਲੈਅ;
2. ਸ੍ਵਰ :- ਸ਼ੁੱਧ ਸ੍ਵਰ, ਕੋਮਲ ਸ੍ਵਰ, ਤੀਵਰ ਸ੍ਵਰ;
3. ਤਾਲ, ਮਾਤਰਾ ਵਿਭਾਗ, ਸਮ, ਤਾਲੀ, ਖਾਲੀ, ਆਵਰਤਨ;
4. ਵਰਣ ਸਥਾਈ, ਆਰੋਹ, ਅਵਰੋਹ, ਸੰਚਾਰੀ;
5. ਅਲਾਪ-ਆਧੁਨਿਕ ਅਲਾਪ ਗਾਇਨ ਦੀ ਵਿਧੀ;
6. ਨਾਦ:- ਆਹਤ ਨਾਦ ਅਤੇ ਅਨਾਹਤ ਨਾਦ;
7. ਭਾਰਤੀ ਸੰਗੀਤ ਵਿੱਚ ਵਾਦਾਂ ਦਾ ਮਹੱਤਵ;
8. ਜੀਵਨੀ ਅਨਪੂਰਨਾ ਦੇਵੀ;
9. ਰਾਗ, ਰਾਗ ਦੇ ਨਿਯਮ ਅਤੇ ਇਸ ਦੀਆਂ ਜਾਤੀਆਂ ਅਤੇ ਉਪਜਾਤੀਆਂ;
10. ਆਧੁਨਿਕ ਭਾਰਤੀ ਸੰਗੀਤ (ਹਿੰਦੁਸਤਾਨੀ ਸੰਗੀਤ) ਕਾਲ ਵਿੱਚ ਪੰਡਤ ਵਿਸ਼ਨੂੰ ਨਰਾਇਣ ਭਾਤਖੰਡੇ ਰਜਾਖਾਨੀ ਗਤ ਦੀ ਸ੍ਵਰ ਲਿਪੀ;

**ਭਾਗ - ਅ**

1. ਪਾਠਕ੍ਰਮ ਦੇ ਰਾਗ ਭੇਰਵੀ, ਕਾਫੀ, ਬਿਲਾਵਲ ਦੀ ਜਾਣ-ਪਛਾਣ, ਆਰੋਹ-ਅਵਰੋਹ ਪਕੜ ਅਤੇ ਰਜਾਖਾਨੀ ਗਤ ਦੀ ਸ੍ਵਰ ਲਿਪੀ;
2. ਪਾਠਕ੍ਰਮ ਦੀਆਂ ਤਾਲਾਂ-ਤਿੰਨ ਤਾਲ, ਝੱਪਤਾਲ, ਕਹਿਰਵਾ ਅਤੇ ਦਾਦਰਾ ਤਾਲ ਦੀ ਜਾਣ-ਪਛਾਣ ਤੇ ਤਾਲ ਲਿਪੀ;

## ਪ੍ਰਸ਼ਨ ਪੱਤਰ ਦੀ ਰੂਪਰੇਖਾ (ਪ੍ਰਯੋਗੀ)

ਨੋਟ:-ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ । ਪ੍ਰਸ਼ਨ-ਪੱਤਰ ਮੌਕੇ ਤੇ ਤਿਆਰ ਕੀਤਾ ਜਾਵੇਗਾ । ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਤੇ ਪਾਠਕ੍ਰਮ ਦਾ ਧਿਆਨ ਰੱਖਣ ਦੇ ਨਾਲ਼ ਨਾਲ਼ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ ।

1. ਪਾਠਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੇ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ।
2. ਪਾਠਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ।
3. ਪਾਠਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠਕ੍ਰਮ ਦੇ ਰਾਗਾਂ ਦੀ ਜਾਣ ਪਛਾਣ ਕਰਨੀ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਭਜਨ, ਸ਼ਬਦ, ਲੋਕ ਗੀਤ ਦਾ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।

**ਕਿਰਿਆਤਮਕ (ਪਾਠਕ੍ਰਮ)**

1. ਪਾਠਕ੍ਰਮ ਦੇ ਰਾਗ ਭੈਰਵੀ, ਕਾਫੀ, ਬਿਲਾਵਲ ਥਾਟਾਂ ਦੇ ਪੰਜ-ਪੰਜ ਅੰਲਕਾਰ;
2. ਰਾਗ ਭੈਰਵੀ, ਕਾਫੀ ਅਤੇ ਬਿਲਾਵਲ ਵਿੱਚ ਰਜਾਖਾਨੀ ਗਤ, ਅਲਾਪ ਅਤੇ ਦੋ ਤੋੜਿਆਂ ਸਹਿਤ;
3. ਤਿੰਨ ਤਾਲ, ਝਪਤਾਲ, ਕਹਿਰਵਾ ਅਤੇ ਦਾਦਰਾ ਤਾਲਾਂ ਨੂੰ ਠਾਹ ਦੁਗੁਣ ਲੈਅ ਵਿੱਚ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ;
4. ਪਾਠਕ੍ਰਮ ਦੇ ਰਾਗਾਂ ਦੀ ਜਾਣ-ਪਛਾਣ;
5. ਕਿਸੀ ਵੀ ਰਾਗ ਵਿੱਚ ਧੁਨ ਦਾ ਵਾਦਨ ਕਰਨਾ ।

**ਪਾਠ-ਪੁਸਤਕਾਂ**

1. ਵਾਦਨ (ਪੰਜਾਬੀ) ਮੈਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ
2. ਵਾਦਨ (ਹਿੰਦੀ) ਮੈਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ